Australian Government
Civil Aviation Safety Authority

KNOW YOUR DRONE

# ਡ੍ਰੋਨ (DRONE) ਸੁਰੱਖਿਆ ਸਬੰਧੀ ਮਹੱਤਵਪੂਰਨ ਜਾਣਕਾਰੀ




ਤੁਸੀਂ ਆਪਣਾ ਡ੍ਰੋਨ ਜ਼ਮੀਨ ਤੋਂ 120 ਮੀਟਰ (400 ਫ਼ੁੱਟ) ਨਾਲੋਂ ਵੱਧ ਉੱਚਾਈ ਤੇ ਨਹੀਂ ਉੜਾ ਸਕਦੇ।




ਆਪਣੇ ਡ੍ਰੋਨ ਨੂੰ ਦੂਸਰੇ ਲੋਕਾਂ ਤੋਂ ਘੱਟੋ-ਘੱਟ 30 ਮੀਟਰ ਦੀ ਦੂਰੀ ਤੇ ਰੱਖੋ।




ਜੇ ਤੁਹਾਡੇ ਡ੍ਰੋਨ ਦਾ ਭਾਰ 250 ਗ੍ਰਾਮ ਨਾਲੋਂ ਵੱਧ ਹੈ, ਤਾਂ ਤੁਸੀਂ ਆਪਣਾ ਡ੍ਰੋਨ ਕਿਸੇ ਵੀ ਨਿਯੰਤਰਿਤ ਹੋ ਰਹੇ ਹਵਾਈ ਅੱਡੇ ਤੋਂ ਘੱਟੋ-ਘੱਟ 5.5 ਕਿਲੋਮੀਟਰ ਦੂਰ ਹੀ ਚਲਾ ਸਕਦੇ ਹੋ, ਅਜਿਹੇ ਹਵਾਈ ਅੱਡਿਆਂ ਵਿੱਚ ਆਮ ਤੌਰ ਤੇ ਇੱਕ ਨਿਯੰਤਰਣ (control) ਟਾਵਰ ਬਣਿਆ ਹੁੰਦਾ ਹੈ।



ਜੇ ਤੁਸੀਂ ਕਿਸੇ ਹੇਲਿਕੌਪਟਰ ਦੇ ਉਤਰਣ ਵਾਲੀ ਥਾਂ, ਜਾਂ ਕਿਸੇ ਛੋਟੇ ਹਵਾਈ ਅੱਡੇ (aerodrome) ਦੇ ਨੇੜੇ ਹੋ, ਜਿਨ੍ਹਾਂ ਵਿੱਚ ਨਿਅੰਤਰਣ ਟਾਵਰ ਨਹੀਂ ਬਣਿਆ ਹੁੰਦਾ, ਤਾਂ ਤੁਸੀਂ ਉਸਦੇ 5.5 ਕਿਲੋਮੀਟਰ ਦੇ ਅੰਦਰ ਅੰਦਰ ਆਪਣਾ ਡ੍ਰੋਨ ਉੜਾ ਸਕਦੇ ਹੋ। ਜੇ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਹਾਡੇ ਨੇੜੇ ਕੋਈ ਮਨੁੱਖ ਦੁਆਰਾ ਉਡਾਇਆ ਜਾ ਰਿਹਾ ਹਵਾਈ ਜਹਾਜ਼ ਹੈ, ਤਾਂ ਉਸ ਦੀ ਰਾਹ ਤੋਂ ਪਾਸੇ ਹੁੰਦੇ ਹੋਏ ਆਪਣੇ ਡ੍ਰੋਨ ਨੂੰ ਮੋੜ ਲਓ ਅਤੇ ਛੇਤੀ ਤੋਂ ਛੇਤੀ ਅਤੇ ਸੁਰੱਖਿਅਤ ਤਰੀਕੇ ਨਾਲ ਡ੍ਰੋਨ ਨੂੰ ਜ਼ਮੀਨ ਤੇ ਉਤਾਰ ਲਓ।



ਤੁਸੀਂ ਲੋਕਾਂ ਦੇ ਉੱਪਰ ਜਾਂ ਉੱਪਰੋਂ, ਜਾਂ ਘਣੀ ਅਬਾਦੀ ਵਾਲੀਆਂ ਥਾਵਾਂ ਉੱਪਰ ਆਪਣਾ ਡ੍ਰੋਨ ਨਹੀਂ ਉੜਾ ਸਕਦੇ। ਇਨ੍ਹਾਂ ਥਾਵਾਂ ਵਿੱਚ ਸਮੁੰਦਰ ਤੱਟ (beach), ਪਾਰਕ, ਸਮਾਗਮ ਜਾਂ ਖੇਡ-ਸਟੇਡੀਅਮ (oval) ਸ਼ਾਮਿਲ ਹਨ ਜਿਨ੍ਹਾਂ ਵਿੱਚ ਕੋਈ ਖੇਡ ਚੱਲ ਰਹੀ ਹੋਵੇ।



ਲਾਜਮੀ ਹੈ ਕਿ ਤੁਹਾਡਾ ਡ੍ਰੋਨ ਤੁਹਾਡੀ ਸਿੱਧੀ ਨਜ਼ਰ ਦੇ ਦਾਇਰੇ ਦੇ ਅੰਦਰ ਅੰਦਰ ਹੀ ਰਹੇ। ਇਸ ਦਾ ਮਤਲਬ ਇਹ ਕਿ ਤੁਸੀਂ ਹਰ ਵਕਤ ਆਪਣੇ ਡ੍ਰੋਨ ਨੂੰ ਆਪਣੀਆਂ ਆਪ ਦੀਆਂ ਅੱਖਾਂ ਨਾਲ ਦੇਖ ਸਕਦੇ ਹੋਵੋ (ਨਾ ਕਿ ਕਿਸੇ ਜੰਤਰ, ਸਕਰੀਨ ਜਾਂ ਕਿਸੇ ਚਸ਼ਮੇ ਰਾਹੀਂ)।



ਤੁਸੀਂ ਆਪਣਾ ਡ੍ਰੋਨ ਕਿਸੇ ਅਜਿਹੀ ਥਾਂ ਦੇ ਉੱਪਰ ਜਾਂ ਨੇੜੇ ਨਹੀਂ ਉੜਾ ਸਕਦੇ, ਜੋ ਕਿ ਜਨਤਕ ਸੁਰੱਖਿਆ ਉੱਪਰ ਪ੍ਰਭਾਵ ਪਾਉਂਦੀ ਹੋਵੇ ਜਾਂ, ਜਿੱਥੇ ਆਪਾਤਕਾਲ ਸਥਿਤੀ ਸੰਬੰਧੀ ਕੋਈ ਕਾਰਵਾਈ ਚੱਲ ਰਹੀ ਹੋਵੇ। ਇਨ੍ਹਾਂ ਵਿੱਚ ਕਾਰ ਦੁਰਘਟਨਾ, ਪੁਲਿਸ ਵੱਲੋਂ ਕੀਤੀ ਜਾ ਰਹੀ ਕੋਈ ਕਾਰਵਾਈ, ਅੱਗ ਲੱਗੀ ਕੋਈ ਥਾਂ ਜਾਂ ਜਿੱਥੇ ਅੱਗ ਬੁਝਾਉਣ ਜਾਂ ਤਲਾਸ਼ ਅਤੇ ਬੱਚ-ਬਚਾਵ ਦੀ ਕਾਰਵਾਈ ਵਰਗੀਆਂ ਸਥਿਤੀਆਂ ਸ਼ਾਮਿਲ ਹਨ।



ਜੇ ਤੁਸੀਂ ਕੰਮ ਤੇ, ਜਾਂ ਕੰਮ-ਕਾਜ (ਜਾਂ ਵਪਾਰ) ਦੇ ਲਈ ਡ੍ਰੋਨ ਉਡਾਉਣਾ ਚਾਹੁੰਦੇ ਹੋ, ਤਾਂ ਹੋਰ ਵੀ ਵਾਧੂ ਨਿਯਮ ਹਨ ਜਿਨ੍ਹਾਂ ਦੀ ਪਾਲਣਾ ਤੁਸੀਂ ਕਰਨੀ ਹੁੰਦੀ ਹੈ। ਤੁਹਾਨੂੰ ਆਪਣੇ ਡ੍ਰੋਨ ਦਾ ਪੰਜੀਕਰਨ ਵੀ ਕਰਵਾਉਣਾ ਪਵੇਗਾ ਅਤੇ ਲਾਇਸੰਸ ਲੈਣਾ ਪਵੇਗਾ ਜਾਂ ਮਾਨਤਾ ਪ੍ਰਾਪਤ ਕਰਵਾਉਣੀ ਪਵੇਗੀ।



ਯਾਦ ਰੱਖੋ, ਤੁਸੀਂ ਆਪਣਾ ਡ੍ਰੋਨ ਕਿਸੇ ਅਜਿਹੇ ਢੰਗ ਨਾਲ ਨਹੀਂ ਚਲਾ ਸਕਦੇ, ਜਿਸ ਦੇ ਨਾਲ ਕਿਸੇ ਹੋਰ ਹਵਾਈ ਜਹਾਜ਼, ਕਿਸੇ ਵਿਅਕਤੀ ਜਾਂ ਕਿਸੇ ਦੀ ਸੰਪੱਤੀ ਉੱਤੇ ਖ਼ਤਰਾ ਪੈਦਾ ਹੁੰਦਾ ਹੋਵੇ।



ਨਿੱਜੀ ਪਰਦੇਦਾਰੀ ਦੀ ਇੱਜ਼ਤ ਕਰੋ। ਲੋਕਾਂ ਦੀ ਮਰਜ਼ੀ ਦੇ ਖ਼ਿਲਾਫ਼ ਉਨ੍ਹਾਂ ਦੀ ਰਿਕਾਰਡਿੰਗ ਨਾ ਕਰੋ ਜਾਂ ਉਨ੍ਹਾਂ ਦੀਆਂ ਤਸਵੀਰਾਂ ਨਾ ਲਵੋ — ਇੱਦਾਂ ਕਰਨ ਨਾਲ ਦੂਸਰੇ ਕਾਨੂੰਨਾਂ ਦੀ ਉਲੰਘਣਾ ਵੀ ਹੋ ਸਕਦੀ ਹੈ।



ਕਿਸੇ ਵੀ ਵੇਲੇ ਸਿਰਫ ਇੱਕ ਡ੍ਰੋਨ ਹੀ ਉਡਾਓ।



ਤੁਸੀਂ ਸਿਰਫ਼ ਦਿਨ ਦੇ ਵੇਲੇ ਹੀ ਡ੍ਰੋਨ ਉਡਾ ਸਕਦੇ ਹੋ ਅਤੇ ਬੱਦਲਾਂ ਜਾਂ ਧੁੰਦ ਦੇ ਵਿੱਚੋਂ ਉਡਾਉਣ ਦੀ ਮਨਾਹੀ ਹੈ।

**››› KNOWYOURDRONE.GOV.AU**

1908.2916 (Punjabi)